# ਜਦੋਂ ਕਹਾਣੀਕਾਰ ਖੜੋਤ ਵਿਚ ਹੁੰਦਾ ਹੈ

## ਭਗਵੰਤ ਰਸੂਲਪੁਰੀ

ਕਹਾਣੀ ਦੇ ਬੀਜ਼ ਸਾਡੇ ਸਮਾਜ ਦੇ ਆਲੇ ਦੁਆਲੇ ਖ਼ਿਲਰੇ ਹੋਏ ਹਨ। ਇਹ ਬੀਜ਼ ਹਰ ਕੋਈ ਨੰਗੀ ਅੱਖ ਨਾਲ ਨਹੀਂ ਵੇਖ ਸਕਦਾ। ਉਹ ਸਿਰਜਣਸ਼ੀਲ ਤੇ ਸੰਵੇਦਨਸ਼ੀਲ ਬੰਦਾ ਹੋਵੇ ਉਤੋਂ ਇਨ੍ਹਾਂ ਬੀਜ਼ਾਂ ਨੂੰ ਆਪਣੇ ਅੰਦਰ ਹਜ਼ਮ ਕਰਨ ਵਾਲਾ ਹੋਵੇ ਤਾਂ ਹੀ ਇਹ ਬੀਜ਼ ਸਾਡੇ ਜਿਹਨ ਵਿਚ ਫੁੱਟਦੇ ਹਨ। ਜਿਹੜਾ ਰਚਨਾ ਬਣਦੇ ਹਨ ਜਿਸ ਵਿਚੋਂ ਕਹਾਣੀ ਨਿਕਲ ਤੁਰਦੀ ਹੈ, ਕਿਤੇ ਵਿਚੋਂ ਕਵਿਤਾ ਦੀ ਕੋਪਲ ਨਿਕਲ ਆਉਂਦੀ ਹੈ, ਕੋਈ ਬੀਜ਼ ਨਾਵਲ ਦਾ ਆਕਾਰ ਲੈ ਲੈਂਦਾ ਹੈ ਕੋਈ ਪੇਟਿੰਗ ਬਣ ਜਾਂਦੀ ਹੈ। ਮੈਂ ਜਦੋਂ ਅਜੇ ਨਿੱਕਾ ਸਾਂ... ਫਿਰ ਵੱਡਾ ਹੋਣ ਲੱਗਾ ਤਾਂ ਮੇਰੇ ਆਲੇ ਦੁਆਲੇ ਮੈਂ ਜੋ ਮਹਿਸੂਸ ਕਰਦਾ, ਜੋ ਵੇਖਦਾ ਉਨ੍ਹਾਂ ਦੇ ਬੀਜ਼ ਮੇਰੇ ਜ਼ਿਹਨ ਵਿਚ ਪਹੁੰਚਣ ਲੱਗੇ। ਮੇਰਾ ਪਰਿਵਾਰਕ ਮਾਹੌਲ ਸਹਿਜ ਨਹੀਂ ਸੀ। ਮੈਨੂੰ ਪਤਾ ਨਹੀਂ ਕਿ ਬੱਚੇ ਨੂੰ ਸੇਧ ਦੇਣ ਵਿਚ ਮਾਂ ਦਾ ਕੀ ਰੋਲ ਹੁੰਦਾ ਹੈ। ਪਿਓ ਕਿਹੋ ਜਿਹਾ ਰੋਲ ਅਦਾ ਕਰਦਾ ਹੈ। ਮੈਂ ਨਾਨਕੇ ਪਰਿਵਾਰ ਵਿਚ ਵੱਡਾ ਹੋਇਆ। ਸੋ ਮੇਰਾ ਰੋਲ ਮਾਡਲ ਮੇਰਾ ਨਾਨਾ ਹੀ ਰਿਹਾ। ਨਾਨਕਾ ਪਿੰਡ ਜਿਹੜਾ ਚਮੜਾ ਰੰਗਣ ਦਾ ਕੰਮ ਕਰਦਾ ਸੀ। ਸੋ ਨਾਨੇ ਦੇ ਛੇ ਸੱਤ ਭਰਾ ਕੱਚੇ ਪੱਕੇ ਚਮੜੇ ਦਾ ਕੰਮ ਕਰਦੇ ਸਨ। ਸੋ ਇਥੋਂ ਦੀਆਂ ਘਟਨਾਵਾਂ ਦੇ ਬੀਜ਼ ਮੇਰੇ ਮਨ ਵਿਚ ਵੜਦੇ ਰਹੇ। ਮੇਰੇ ਲਈ ਇਹ ਦ੍ਰਿਸ਼, ਸਮਾਜਿਕ ਬਣਤਰ ਆਮ ਸੀ। ਇਥੋਂ ਦੇ ਦ੍ਰਿਸ਼ ਮੇਰੇ ਜਿਹਨ ਵਿਚ ਵੜਦੇ ਰਹੇ। ਪਾਤਰ ਦੇ ਬੀਜ਼ ਬਹੁਤ ਜਾਨਦਾਰ ਸਨ। ਸਥਿਤੀ ਇਹ ਸੀ ਕਿ ਹੱਡਾ ਰੋੜੀ ਮੈਂ ਨੰਗੇ ਪੈਰੀਂ ਹੀ ਦੌੜ ਜਾਂਦਾ ਸੀ। ਮਰਿਆ ਕੱਟਾ ਘੜੀਸ ਕੇ ਨਾਨੇ ਦੇ ਮੋਹਰੇ ਸੁੱਟ ਦਿੰਦਾ ਸੀ। ਜਦੋਂ ਮੇਰਾ ਵੱਡਾ ਮਾਮਾ ਸਾਇਕਲ ਤੇ ਮਾਰਿਆ ਕੱਟਾ ਲੱਦੀ ਆਉਂਦਾ ਤਾਂ ਜਦੋਂ ਸਾਇਕਲ ਰੇਤੇ ਵਿਚ ਫਸ ਜਾਂਦਾ ਤਾਂ ਮੈਨੂੰ ਪਿੱਛਿਓ ਧੱਕਾ ਲਾਉਣ ਨੂੰ ਕਹਿੰਦਾ। ਨਾਨਾ ਕੱਟੇ ਦੀ ਖੱਲ ਰੰਬੀ ਦੀ ਧਾਰ ਨਾਲ ਕਿਵੇਂ ਬਰੀਕੀ ਨਾਲ ਲਾਹੁੰਦਾ ਉਹ ਮੈਂ ਬੜੇ ਧਿਆਨ ਨਾਲ ਵੇਖਦਾ। ਰੰਗ ਹੁੰਦਾ ਚਮੜਾ, ਗਿਰਝਾਂ ਦੀਆਂ ਬਿੱਠਾ, ਕੁੱਤਿਆਂ ਦੀ ਕਤੀੜ, ਔਰਤਾਂ ਦੀ ਸਥਿਤੀ ਦੇ ਅਨੇਕਾਂ ਦ੍ਰਿਸ਼ਾਂ ਦੇ ਬੀਤ ਮੇਰੇ ਜ਼ਿਹਨ ਵਿਚ ਜ਼ਮਾਂ ਹੁੰਦੇ ਰਹਿੰਦੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੀਜ਼ ਮੇਰੇ ਜ਼ਿਹਨ ਵਿਚ ਸਭ ਤੋਂ ਪਹਿਲਾਂ ਵੜਨ ਲੱਗੇ ਸਨ। ਪਰ ਜਦੋਂ ਮੇਰੇ ਮਨ ਵਿਚ ਕਹਾਣੀ ਬਣਨ ਲੱਗੀ ਉਹ ਇਨ੍ਹਾਂ ਬੀਜ਼ਾਂ ਵਿਚੋਂ ਨਹੀਂ ਬਣੀ। ਇਨ੍ਹਾਂ ਬੀਜ਼ਾਂ ਤੇ ਅਧਾਰਤ ਮੈਂ ਬਹੁਤ ਦੇਰ ਬਾਅਦ ਲਿਖਣ ਲੱਗਾ। ਮੇਰੀ ਮੁੱਢਲੀ ਕਹਾਣੀ ਵੱਖਰੀ ਕਿਸਮ ਦੀ ਸੀ। ਨਿਸਚੇ ਹੀ ਬੰਦੇ ਦੇ ਮਨ ਵਿਚ ਬਹੁਤ ਕਿਸਮ ਦੀਆਂ ਘਟਨਾਵਾਂ ਦੇ ਬੀਜ਼ ਜ਼ਜ਼ਬ ਹੁੰਦੇ ਰਹਿੰਦੇ ਹਨ। ਜਿਸਦਾ ਸਮਾਂ ਤੇ ਵਾਤਾਵਰਨ ਆਉਂਦਾ ਹੈ ਉਹ ਬੀਜ਼ ਹੀ ਫੁੱਟਦਾ ਹੈ ਬਾਕੀ ਆਪਣੇ ਸਮੇਂ ਦੀ ਉਡੀਕ ਕਰਦੇ ਹਨ।

ਕੁਝ ਬੀਜ਼ ਮੈਂ ਆਪਣੀ ਮਾਂ ਦੀਆਂ ਘਟਨਾਵਾਂ ਤੋਂ ਪ੍ਰਾਪਤ ਕੀਤੇ। ਉਹ ਜਦੋਂ ਨਾਨਕੇ ਘਰ ਆਉਂਦੀ ਸੀ ਬੜੀ ਰੁਲ਼ੀ ਜਿਹੀ ਆਉਂਦੀ ਸੀ। ਉਹਦੇ ਪੈਰ ਧੂੜ ਨਾਲ ਭਰੇ ਹੁੰਦੇ ਸਨ। ਪਰਦੇ ਨਾਲ ਨਾਨੇ ਨੂੰ ਪੂਣੀਆਂ ਕੀਤੇ ਰੁਪਏ ਦਿੰਦੀ ਬੈਂਕ ਵਿਚ ਜ਼ਮਾ ਕਰਵਾਉਣ ਨੂੰ । ਕਦੇ ਕਦੇ ਮੈਂ ਬਾਪ ਨੂੰ ਵੇਖਦਾ। ਉਹਦਾ ਸ਼ਾਹੀ ਠਾਠ। ਇਨ੍ਹਾਂ ਬੀਜਾਂ ਵਿਚੋਂ ਮੇਰੀਆਂ ਮੁੱਢਲੀਆਂ ਕਹਾਣੀਆਂ ਨਿਕਲੀਆਂ। ਉਦੋਂ ਲਿਖਣ ਵਾਲਾ ਬਸ ਲਿਖਦਾ ਹੈ। ਉਹਨੂੰ ਕਹਾਣੀ ਲਿਖਣ ਦਾ ਕੋਈ ਤਜ਼ਰਬਾ ਨਹੀਂ ਹੁੰਦਾ। ਬਸ ਲਿਖੀ ਤੁਰੀ ਜਾਂਦਾ ਹੈ। ਕਾਲਜ ਪੜ੍ਹਦਿਆਂ ਜਿਹੜੀਆਂ ਕਹਾਣੀਆਂ ਲਿਖੀਆਂ ਉਹਦੇ ਵਿਚ ਰੁਦਨ ਬਹੁਤ ਹੈ। ਜਿਹੜੀ ਔਰਤ ਪਾਤਰ ਬਣਦੀ ਸੀ ਉਹ ਬਹੁਤ ਪੀੜਤ ਬਣਦੀ ਸੀ। ਸ਼ੁਰੂ ਸ਼ੁਰੂ ਵਿਚ ਮੈਂ ਆਪਣੇ ਜਿਹਨ ਵਿਚੋਂ ਇਕ ਔਰਤ ਜਾਂ ਮਰਦ ਦਾ ਬੀਜ਼ ਲੱਭਦਾ ਸਾਂ ਫਿਰ ਉਹਨੂੰ ਮਨ ਦੀ ਧਰਤੀ ਵਿਚ ਬੀਜ ਦਿੰਦਾ, ਖਿਆਲਾ ਦਾ ਪਾਣੀ ਪਾਉਂਦਾ ਰਹਿੰਦਾ। ਫਿਰ ਉਹ ਉਸ ਬੀਜ ਰੂਪੀ ਪਾਤਰ ਦੁਆਲੇ ਪੱਤੇ ਫੁੱਟ ਤੁਰਦੇ, ਟਾਹਣੀਆਂ ਨਿਕਲ ਆਉਂਦੀਆਂ। ਇੰਝ ਉਹ ਬੀਜ਼ ਕਹਾਣੀ ਦਾ ਅਕਾਰ ਲੈ ਲੈਂਦੇ। ਉਸ ਵੇਲੇ ਜਿਹੜੇ ਦੋਸਤਾਂ ਨਾਲ ਵਾਹ ਪਿਆ। ਜਿਹੜੇ ਸੀਨੀਅਰ ਸਨ। ਤੇ ਕਹਾਣੀਆਂ ਲਿਖਦੇ ਸਨ। ਉਨ੍ਹਾਂ ਨੂੰ ਬੀਜ਼ ਤੋਂ ਬਣੀ ਕਹਾਣੀ ਦਾ ਰੁੱਖ ਦਿਖਾਉਂਦਾ। ਉਹ ਆਪਣੀ ਸਮਝ ਨਾਲ ਇਸ ਰੁੱਖ ਦੀਆਂ ਫਾਲਤੂ ਟਾਹਣੀਆਂ ਛਾਂਗ ਦਿੰਦੇ, ਕੋਈ ਨਿੱਕੀ ਟਾਹਣੀ ਲਾਹ ਦਿੰਦੇ ਉਹਦੀ ਥਾਂ ਕਿਸੇ ਹੋਰ ਟਾਹਣੀ ਦੀ ਪਿਓਂਦ ਚੜ੍ਹਾ ਦਿੰਦੇ। ਕੋਈ ਵੱਡਾ ਟਾਹਣਾ ਲਾਹ ਸੁੱਟਦੇ। ਕਦੇ ਕਦੇ

ਕਹਿੰਦੇ ਕਿ ਇਸ ਦਰੱਖਤ ਨੂੰ ਕੋਈ ਫ਼ਲ ਨਹੀਂ ਲੱਗਣਾ ਇਹਨੂੰ ਤੂੰ ਜੜ੍ਹੋ ਹਾ ਪੁੱਟ ਸੁੱਟ। ਮੇਰੀਆਂ ਮੁੱਢਲੀਆਂ ਕਹਾਣੀਆਂ ਵਧੇਰੇ ਕਰਕੇ ਨਾਰੀ ਪੀੜ੍ਹਾ ਅਤੇ ਆਰਥਿਕ ਮਸਲਿਆਂ ਖਾਸ ਕਰਕੇ ਪ੍ਰਗਤੀਵਾਦੀ ਸੁਰ ਵਾਲੀਆਂ ਵਰਗ ਸੰਘਰਸ਼ ਦੁਆਲੇ ਕੇਂਦਰਤ ਰਹੀਆਂ।

ਫਿਰ ਜਦੋਂ ਪ੍ਰੇਮ ਪ੍ਰਕਾਸ਼ ਨੇ 'ਲਕੀਰ' ਮੁੜ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਉਹ ਕਾਮ ਸੰਬੰਧਾਂ ਵਾਲੀਆਂ ਕਹਾਣੀਆਂ ਨੂੰ ਬੜੇ ਚਾਅ ਨਾਲ ਛਾਪਦਾ ਹੈ। ਅਤੇ ਔਰਤ ਮਰਦ ਦੀਆਂ ਮਾਨਸਿਕ ਗੁੰਝਲਾ ਵਾਲੀਆਂ ਕਹਾਣੀਆਂ ਵੀ ਪਹਿਲ ਦੇ ਅਧਾਰ ਤੇ ਛਾਪਦਾ ਹੈ। ਮੇਰੇ ਮਨ ਵਿਚ ਜਿਹੜੇ ਇਸ ਕਿਸਮ ਦੇ ਬੀਜ਼ ਸਨ ਉਹ ਕਰਵਟ ਲੈਣ ਲੱਗੇ। ਉਨ੍ਹਾਂ ਦੀ ਕਦਰ ਪੈਣ ਲੱਗੀ ਤੇ ਮੈਂ ਉਨ੍ਹਾਂ ਘਟਨਾਵਾਂ ਦੇ ਬੀਜ਼ਾਂ ਦੁਆਲੇ ਕਹਾਣੀ ਦੀ ਬੁਣਤੀ ਬੁਣਨ ਲੱਗਾ। ਮੈਂ ਕਹਿਣਾ ਚਾਹੁੰਦਾ ਹਾਂ ਸਮਾਂ ਤੇ ਹਾਲਾਤ ਕਿਵੇਂ ਤੁਹਾਡੀ ਸੋਚ ਤੇ ਸਿਰਜਣਾ ਨੂੰ ਪ੍ਰਭਾਵਤ ਕਰਦੇ ਹਨ। ਮੈਂ ਔਰਤ ਮਰਦ ਦੇ ਸੰਬੰਧਾਂ ਤੇ ਉਨ੍ਹਾਂ ਦੀਆਂ ਮਾਨਸਿਕ ਗੁੰਝਲਾ ਨੂੰ ਅਧਾਰ ਬਣਾ ਕੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ। ਇਹ ਕਹਾਣੀਆਂ 'ਮੈਂ ਸ਼ੈਤਾਨ ਤੇ ਇੰਦੂਮਣੀ' ਤੇ 'ਤੀਜਾ ਨੇਤਰ' ਕਹਾਣੀ ਸੰਗ੍ਰਹਿ ਵਿਚ ਹਨ। 'ਇਨ੍ਹਾਂ ਵਿਚੋਂ 'ਕੀੜਾ', 'ਸ਼ੈਤਾਨ' ਵਰਦੀਆਂ ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਨੇ ਮੈਨੂੰ ਬਤੌਰ ਕਹਾਣੀਕਾਰ ਦੇ ਤੌਰ ਤੇ ਮਾਨਤਾ ਵੀ ਦਵਾਈ। ਆਲੋਚਨਾ ਵੀ ਨਾਲ ਨਾਲ ਚਲਦੀ ਰਹੀ। ਮੈਂ ਸਹਿਜ ਗਤੀ ਨਾਲ ਤੁਰਦਾ ਰਿਹਾ।

ਜਦੋਂ ਪੰਜਾਬੀ ਸਾਹਿਤ ਵਿਚ ਦਲਿਤ ਸਾਹਿਤ ਦੀ ਹਲਚਲ ਹੋਣ ਲੱਗੀ ਤਾਂ ਕੁਝ ਮੈਗਜ਼ੀਨਾਂ ਦੇ ਸੰਪਾਦਕਾਂ ਨੇ ਇਸ ਕਿਸਮ ਦਾ ਸਾਹਿਤ ਛਾਪਣਾ ਸ਼ੁਰੂ ਕਰ ਦਿੱਤਾ। ਫਿਰ ਮੇਰੇ ਜ਼ਿਹਨ ਵਿਚ ਉਹ ਬਚਪਨ ਦੇ ਬੀਜ਼ ਅੰਗੜਾਈ ਲੈਣ ਲੱਗ ਪਏ। ਜਿਹੜੇ ਸਾਇਦ ਸਮੇਂ ਤੇ ਹਾਲਤ ਦੀ ਉਡੀਕ ਕਰ ਰਹੇ ਸਨ। ਮੈਂ ਉਨ੍ਹਾਂ ਬੀਜ਼ਾਂ ਨੂੰ ਆਪਣੇ ਮਨ ਮਸਤਕ ਦੀ ਧਰਤੀ ਵਿਚ ਬੀਜਣ ਲੱਗਾ। ਉਨ੍ਹਾਂ ਨੂੰ ਆਪਣੀ ਸਮਾਜਿਕ, ਇਤਿਹਾਸਕ ਤੇ ਬੌਧਿਕ ਸਮਝ ਦਾ ਪਾਣੀ ਦੇਣ ਲੱਗਾ। ਮੇਰੇ ਜ਼ਿਹਨ ਵਿਚ ਦਲਿਤ ਪਾਤਰਾਂ ਦੀਆਂ ਕਹਾਣੀਆਂ ਬਣ ਕੇ ਨਿਕਲਣ ਲੱਗੀਆਂ। ਬੜੀ ਹੈਰਾਨੀ ਹੋਈ ਕਿ ਇਹ ਬੀਜ਼ ਮੇਰੇ ਜ਼ਿਹਨ ਵਿਚ ਪਹਿਲਾਂ ਕਿਉਂ ਨਹੀਂ ਫੁੱਟੇ, ਪਹਿਲਾਂ ਕਿਉਂ ਨਹੀਂ ਇਨ੍ਹਾਂ ਨੂੰ ਅਨਕੂਲ ਸਪੇਸ ਮਿਲੀ। ਤਾਂ ਇਨ੍ਹਾਂ ਪ੍ਰਮਾਣਿਕ ਅਨੁਭਵ, ਅਛੂਤੇ ਦ੍ਰਿਸ਼ਾਂ ਅਤੇ ਦੁਰਲੱਭ ਪਾਤਰਾਂ ਦੇ ਬੀਜ਼ਾਂ ਵਿਚੋਂ 'ਰਹਿਮਤ ਮਸੀਹ ਮੱਟੂ ਦੀ ਜੀਵਨੀ', 'ਜੜ੍ਹਾਂ', 'ਆਦੀ ਡੰਕਾ', 'ਸੁੱਕੀਆਂ ਕੁੰਨਾ', 'ਧੂੜ' ਵਰਗੀਆਂ ਕਹਾਣੀਆਂ ਨਿਕਲੀਆਂ। ਜਿਨ੍ਹਾਂ ਨੇ ਮੇਰੀ ਪਛਾਣ ਕਹਾਣੀਕਾਰ ਦੇ ਤੌਰ ਤੇ ਗੂੜ੍ਹੀ ਕੀਤੀ। ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਇਹੋ ਜਿਹੀਆਂ ਕਹਾਣੀਆਂ ਪੰਜਾਬੀ ਵਿਚ ਪਹਿਲਾਂ ਨਹੀਂ ਲਿਖੀਆਂ ਗਈਆਂ। ਇਹ ਮੈਂ ਹੀ ਲਿਖ ਸਕਦਾ ਸੀ। ਇਹਨੂੰ ਨਾ ਪ੍ਰੇਮ ਗੋਰਖੀ, ਨਾ ਅਤਰਜੀਤ ਨਾ ਕੋਈ ਹੋਰ ਲਿਖ ਸਕਦਾ ਸੀ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਮਨ ਵਿਚਲੇ ਵਿਚਾਰਾਂ ਤੇ ਘਟਨਾਵਾਂ ਦੇ ਬੀਜ਼ ਸਮੇਂ ਤੇ ਹਾਲਾਤ ਨਾਲ ਬਾਹਰ ਆਉਂਦੇ ਹਨ। ਇਹ ਕਹਾਣੀਕਾਰ ਤੇ ਨਿਰਭਰ ਕਰਦਾ ਹੈ ਕਿ ਉਹ ਉਨ੍ਹਾਂ ਬੀਜ਼ ਰੂਪੀ ਘਟਨਾਵਾਂ ਤੇ ਵਿਚਾਰਾਂ ਨੂੰ ਜਾਨਦਾਰ ਰੁੱਖ ਬਣਾਉਣਾ ਹੈ ਜਾਂ ਪੋਲੀਓ ਪੀੜਤ ਰੁੱਖ ਬਣਾਉਣਾ ਹੈ। ਲੇਖਕ ਅੰਦਰ ਵਿਚਾਰਾਂ ਦੀ ਸ਼ਕਤੀ, ਉਹਦੀ ਸਮਾਜਿਕ ਸਮਝ, ਉਹਦੀ ਦਰਸ਼ਨ ਤੇ ਪਕੜ, ਉਹਦੀ ਫ਼ਿਲਸਾਫੀ ਤੇ ਪਕੜ ਅਤੇ ਇਤਿਹਾਸ ਤੇ ਪਕੜ ਇਹ ਸਾਰੀਆਂ ਗੱਲਾਂ ਤੇ ਸੂਤਰ ਵੱਡੀ ਰਚਨਾ ਬਣਨ ਦੇ ਕੰਮ ਆਉਂਦੇ ਹਨ।

ਮੈਨੂੰ 16 ਸਾਲ ਤੋਂ ਵੱਧ ਸਮਾਂ ਕਹਾਣੀ ਲਿਖਦਿਆਂ ਹੋ ਗਏ ਹਨ। ਮਨ ਵਿਚ ਬਹੁਤ ਸਾਰੇ ਬੀਜ਼ ਹਨ ਜਿਹੜੇ ਕਹਾਣੀ ਰੂਪੀ ਰੁੱਖ ਬਣਨ ਦੀ ਸਮਰੱਥਾ ਰੱਖਦੇ ਹਨ। ਹਰ ਲੇਖਕ ਦੇ ਮਨ ਵਿਚ ਇਹ ਗੱਲ ਹੁੰਦੀ ਹੈ ਕਿ ਜਿਹੜਾ ਕਹਾਣੀ ਰੂਪੀ ਰੁੱਖ ਸਾਹਿਤ ਦੇ ਵਿਹੜੇ ਲਗਾਇਆ ਹੈ ਘੱਟੋ ਘੱਟ ਨਵੀਂ ਰਚਨਾ ਉਸ ਰੁੱਖ ਦੇ ਅਕਾਰ ਦੀ ਤਾਂ ਹੋਵੇ। ਜਦੋਂ ਲੇਖਕ ਸਮਝਣ ਲੱਗ ਪੈਂਦਾ ਹੈ ਕਿ ਇਨ੍ਹਾਂ ਬੀਜ਼ਾ ਤੋਂ ਛੋਟੇ ਰੁੱਖਾਂ ਦੀ ਸਿਰਜਣਾ ਹੋਈ ਹੈ ਤਾਂ ਉਨ੍ਹਾਂ ਨੂੰ ਕੁੱਖ ਵਿਚ ਕਤਲ ਕਰਨਾ ਹੀ ਬਿਹਤਰ ਹੁੰਦਾ ਹੈ। ਸੋ ਕਹਾਣੀਕਾਰ ਵਿਚ ਇਸ ਸਮੇਂ ਜਦੋਂ ਖੜੋਤ ਆਉਂਦੀ ਹੈ ਤਾਂ ਉਹ ਸੋਚਣ ਲੱਗ ਪੈਂਦਾ ਹੈ ਕਿ ਰਚਨਾ ਦਾ ਅਗਲਾ ਰੁੱਖ ਪਹਿਲੇ ਰੁੱਖ ਨਾਲੋਂ ਵੱਡਾ ਹੋਵੇ। ਪਰ ਕਈ ਕਹਾਣੀਕਾਰਾਂ ਨੂੰ ਨਾਵਲਕਾਰਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ। ਉਹ ਸਾਹਿਤ ਦੇ ਵਿਹੜੇ ਵਿਚ ਨਿੱਕੇ ਮੋਟੇ, ਬਿਮਾਰੀਆਂ ਲੱਗੇ, ਸੋਕੜਾ ਖਾਧੇ ਰੁੱਖ ਲਗਾਈ ਜਾਂਦੇ ਹਨ। ਫਿਰ ਜੋ ਹਾਲ ਉਨ੍ਹਾਂ ਰੁੱਖਾਂ ਦਾ ਹੁੰਦਾ ਹੈ ਸਬ ਦੇ ਸਾਹਮਣੇ ਹੈ।

ਮੇਰਾ ਨਾਨਾ, ਮੇਰੀ ਨਾਨੀ, ਮੇਰੀ ਮਾਂ, ਨਾਨਕੇ ਪਰਿਵਾਰ ਦਾ ਹਰ ਮੈਂਬਰ, ਮੇਰਾ ਨਾਨਕਾ ਪਿੰਡ ਧਰਮਪੁਰ ਮੇਰੀਆਂ ਕਹਾਣੀਆਂ ਦੇ ਬੀਜ਼ ਹਨ। ਜਿਹਨ੍ਹਾਂ ਵਿਚੋਂ ਮੈਂ ਕਹਾਣੀ ਦੇ ਮੂਲ ਸੂਤਰ ਲੱਭ ਲੈਂਦਾ ਹਾਂ। ਸਮੇਂ ਨਾਲ, ਸਮਝ ਨਾਲ, ਵਿਚਾਰਧਾਰਾ ਨਾਲ ਮੈਂ ਉਨ੍ਹਾਂ ਬੀਜ਼ਾਂ ਵਿਚੋਂ ਕਹਾਣੀ ਸਿਰਜ ਲੈਂਦਾ ਹਾਂ। ਕਹਾਣੀ ਮੇਰੀ ਸਮਝ ਅਨੁਸਾਰ ਨਿਰੀ ਪੁਰੀ ਵਿਚਾਰਧਾਰਾ ਨਹੀਂ ਹੁੰਦੀ ਨਾ ਹੀ ਅਸਲ ਜ਼ਿੰਦਗੀ ਹੁੰਦੀ ਹੈ। ਇਹ ਜ਼ਿੰਦਗੀ ਹੁੰਦੀ ਹੀ ਫ਼ਿਕਸਨ ਹੈ। ਗਲਮ ਹੈ। ਇਸ ਸੂਤਰ ਵਿਚ ਬੱਝਿਆ ਹੋਇਆ ਗਲਪ।

ਮੈਂ 'ਰਹਿਮਤ ਮਸੀਹ ਮੱਟੂ ਦੀ ਜੀਵਨੀ', 'ਜੜ੍ਹਾਂ', 'ਆਦੀ ਡੰਕਾ', 'ਸੁੱਕੀਆਂ ਕੁੰਨਾਂ', 'ਧੂੜ' ਵਰਗੀਆਂ ਕਹਾਣੀਆਂ ਦੇ ਰੁੱਖ ਸਾਹਿਤ ਦੇ ਵਿਹੜੇ ਲਗਾ ਦਿੱਤੇ ਹਨ, ਜਿਨ੍ਹਾਂ ਦੇ ਅਕਾਰ ਬਾਰੇ ਤੁਸੀਂ ਜਾਣਦੇ ਹੋ। ਇਨ੍ਹਾਂ ਤੋਂ ਵੱਡਾ ਰੁੱਖ ਜਦੋਂ ਵੀ ਮੇਰੇ ਜ਼ਿਹਨ ਵਿਚ ਬਣੇਗਾ ਤਾਂ ਰੁਕੀ ਹੋਈ ਕਹਾਣੀ ਦੀ ਗਤੀ ਫਿਰ ਸ਼ੁਰੂ ਹੋ ਜਾਵੇਗੀ। ਜਦੋਂ ਕੋਈ ਕਹਾਣੀਕਾਰ ਖੜੋਤ ਵਿਚ ਹੁੰਦਾ ਹੈ ਤਾਂ ਉਹ ਉਦੋਂ ਵੀ ਆਪਣੇ ਮਨ ਵਿਚਲੇ ਬੀਜ਼ਾਂ ਨੂੰ ਲੱਭ ਰਿਹਾ ਹੁੰਦਾ ਹੈ, ਜਿਨ੍ਹਾਂ ਨੇ ਸਾਹਿਤ ਦੇ ਵਿਹੜੇ ਦੇ ਵੱਡੇ ਰੁੱਖ ਬਣਨਾ ਹੁੰਦਾ ਹੈ। ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਜਦੋਂ ਰਚਨਾਕਾਰ ਇਕ ਥਾਂ ਖੜ ਜਾਂਦਾ ਹੈ ਤਾਂ ਉਹਨੂੰ ਸਮੇਂ ਦੀ ਤੋਰ ਸਮਝਣ ਲਈ ਸਮਾਂ ਲੱਗਦਾ ਹੈ। ਜਿਹੜਾ ਰਚਨਾਕਾਰ ਸਮੇਂ ਦੀ ਤੋਰ ਨੂੰ ਸਮਝ ਜਾਂਦਾ ਹੈ, ਚੰਗੇ-ਮਾੜੇ ਬੀਜ਼ ਨੂੰ ਸਮਝ ਜਾਂਦਾ ਹੈ ਉਦੋਂ ਉਹਦੀ ਕਹਾਣੀ ਦੀ ਗਤੀ ਮੱਧਮ ਪੈ ਜਾਂਦੀ ਹੈ।